# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਕੰਸਰਵੇਟਿਵ ਪਾਰਟੀ ਆਫ ਸਰੀ ਵੱਲੋਂ ਸਿਟੀ ਚੋਣਾਂ ਲਈ 6 ਕੌਂਸਲਰ ਉਮੀਦਵਾਰਾਂ ਦਾ ਐਲਾਨ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 8 ਫਰਵਰੀ : ਅਕਤੂਬਰ ਮਹੀਨੇ ਹੋਣ ਵਾਲੀਆਂ ਸਰੀ ਸਿਟੀ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਕੰਸਰਵੇਟਿਵ ਪਾਰਟੀ ਆਫ ਸਰੀ ਨੇ ਆਪਣੀ ਕੌਂਸਲਰਾਂ ਦੀ ਸਲੇਟ ਦਾ ਜਨਤਕ ਤੌਰ ‘ਤੇ ਐਲਾਨ ਕਰ ਦਿੱਤਾ ਹੈ। ਬੀਤੀ ਸ਼ਾਮ ਸਰੀ ਦੇ ਇੰਪ੍ਰੈਸ ਬੈਂਕੁਇਟ ਹਾਲ ਵਿੱਚ ਪਾਰਟੀ ਸਮਰਥਕਾਂ ਦੇ ਵੱਡੇ ਇਕੱਠ ਦੌਰਾਨ ਛੇ ਕੌਂਸਲਰ ਉਮੀਦਵਾਰਾਂ -ਰਿੱਕੀ ਬਾਜਵਾ, ਰਸਿੰਦਰ ਕੌਰ, ਲੀਟਾ ਕਬਾਲ, ਸੈਨੀ ਕਲੌਕ, ਹੌਲੀ ਵਰਚਰੀ ਅਤੇ ਜੇਮਜ਼ ਯੂ ਦੇ ਨਾਮ ਜਨਤਾ ਸਾਹਮਣੇ ਰੱਖੇ ਗਏ।

ਇਸ ਮੌਕੇ ਕੰਸਰਵੇਟਿਵ ਪਾਰਟੀ ਦੀ ਚੇਅਰ ਕੈਰੀ ਲਿਨ ਫਿਨਲੇ ਵਿਸ਼ੇਸ਼ ਤੌਰ ‘ਤੇ ਹਾਜ਼ਰ ਰਹੇ। ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਸਰੀ ਸ਼ਹਿਰ ਨੂੰ ਇਸ ਵੇਲੇ ਮਜ਼ਬੂਤ ਅਗਵਾਈ ਟੀਮ ਅਤੇ ਸਪੱਸ਼ਟ ਦਿਸ਼ਾ ਦੀ ਲੋੜ ਹੈ ਅਤੇ ਆਉਣ ਵਾਲੀਆਂ ਚੋਣਾਂ ਸਰੀ ਵਿੱਚ ਬਦਲਾਅ ਲਿਆਉਣ ਦਾ ਸੁਨਹਿਰਾ ਮੌਕਾ ਹਨ। ਐਲਾਨ ਕੀਤੇ ਗਏ ਕੌਂਸਲਰ ਉਮੀਦਵਾਰਾਂ ਨੇ ਵੀ ਵਾਰੋ-ਵਾਰੀ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਇਹ ਚੋਣਾਂ ‘ਸੁਰੱਖਿਅਤ ਸ਼ਹਿਰ, ਟੈਕਸਾਂ ਵਿੱਚ ਕਟੌਤੀ ਅਤੇ ਪਰਿਵਾਰਾਂ ਨੂੰ ਪਹਿਲ’ ਦੇ ਮਜ਼ਬੂਤ ਏਜੰਡੇ ਨਾਲ ਲੜੇਗੀ।

ਪਾਰਟੀ ਆਗੂਆਂ ਨੇ ਕਿਹਾ ਕਿ ਸਰੀ ਵਿੱਚ ਵਧ ਰਹੀ ਗੈਂਗ ਹਿੰਸਾ, ਫਿਰੌਤੀ ਦੀਆਂ ਧਮਕੀਆਂ, ਨਿੱਤ ਦਿਨ ਹੋ ਰਹੀ ਗੋਲੀਬਾਰੀ ਅਤੇ ਨਸ਼ਿਆਂ ਦੀ ਸਮੱਸਿਆ ਨੇ ਆਮ ਸ਼ਹਿਰੀਆਂ ਦੀ ਜ਼ਿੰਦਗੀ ਅਸੁਰੱਖਿਅਤ ਬਣਾ ਦਿੱਤੀ ਹੈ। ਇਸ ਸੰਦਰਭ ਵਿੱਚ ਪਾਰਟੀ ਦਾ ਏਜੰਡਾ ਸਪੱਸ਼ਟ ਹੈ ਕਿ ਕਾਨੂੰਨ-ਵਿਵਸਥਾ ਨੂੰ ਤਰਜੀਹ ਦਿੱਤੀ ਜਾਵੇਗੀ। ਪੁਲਿਸ ਸੇਵਾਵਾਂ ਨੂੰ ਮਜ਼ਬੂਤ ਕਰਨ, ਨੇਬਰ ਸੁਰੱਖਿਆ ਪ੍ਰੋਗਰਾਮਾਂ ਨੂੰ ਉਤਸ਼ਾਹਿਤ ਕਰਨ, ਜਨਤਕ ਥਾਵਾਂ ‘ਤੇ ਨਿਗਰਾਨੀ ਪ੍ਰਣਾਲੀਆਂ ਵਿੱਚ ਸੁਧਾਰ ਅਤੇ ਗੈਂਗ ਗਤੀਵਿਧੀਆਂ ਖ਼ਿਲਾਫ਼ ਜ਼ੀਰੋ ਟੋਲਰੈਂਸ ਨੀਤੀ ਅਪਣਾਈ ਜਾਵੇਗੀ ਤਾਂ ਜੋ ਸਰੀ ਨੂੰ ਦੁਬਾਰਾ ਇੱਕ ਸ਼ਾਂਤ ਅਤੇ ਸੁਰੱਖਿਅਤ ਸ਼ਹਿਰ ਬਣਾਇਆ ਜਾ ਸਕੇ।

ਪਾਰਟੀ ਆਗੂਆਂ ਨੇ ਕਿਹਾ ਕਿ ਮੌਜੂਦਾ ਸਿਟੀ ਪ੍ਰਬੰਧਨ ਵੱਲੋਂ ਲਗਾਤਾਰ ਵਧਾਏ ਗਏ ਟੈਕਸਾਂ ਨੇ ਘਰ-ਮਾਲਕਾਂ ਅਤੇ ਕਾਰੋਬਾਰੀਆਂ ਉੱਤੇ ਵੱਡਾ ਵਿੱਤੀ ਬੋਝ ਪਾਇਆ ਹੈ। ਕੰਸਰਵੇਟਿਵ ਪਾਰਟੀ ਦਾ ਮਕਸਦ ਸਿਟੀ ਦੇ ਫ਼ਜ਼ੂਲ ਖ਼ਰਚਿਆਂ ‘ਤੇ ਨਕੇਲ ਪਾਉਣਾ, ਬਜਟ ਪ੍ਰਬੰਧਨ ਨੂੰ ਪਾਰਦਰਸ਼ੀ ਬਣਾਉਣਾ ਅਤੇ ਟੈਕਸਦਾਤਿਆਂ ਦੇ ਪੈਸੇ ਦੀ ਜ਼ਿੰਮੇਵਾਰ ਵਰਤੋਂ ਯਕੀਨੀ ਬਣਾਉਣਾ ਹੈ। ਉਨ੍ਹਾਂ ਵਾਅਦਾ ਕੀਤਾ ਕਿ ਟੈਕਸਾਂ ਵਿੱਚ ਕਟੌਤੀ ਕਰਕੇ ਘਰ-ਮਾਲਕਾਂ, ਸੀਨੀਅਰ ਨਾਗਰਿਕਾਂ ਅਤੇ ਛੋਟੇ ਵਪਾਰੀਆਂ ਨੂੰ ਰਾਹਤ ਦਿੱਤੀ ਜਾਵੇਗੀ।

ਪਾਰਟੀ ਆਗੂਆਂ ਅਨੁਸਾਰ ਮਜ਼ਬੂਤ ਸ਼ਹਿਰ ਦੀ ਨੀਂਹ ਮਜ਼ਬੂਤ ਪਰਿਵਾਰ ਹੁੰਦੇ ਹਨ। ਇਸ ਲਈ ਨਗਰ ਨੀਤੀਆਂ ਨੂੰ ਇਸ ਤਰ੍ਹਾਂ ਤਿਆਰ ਕੀਤਾ ਜਾਵੇਗਾ ਕਿ ਪਰਿਵਾਰਾਂ ਲਈ ਰਹਿਣ ਯੋਗ, ਸੁਰੱਖਿਅਤ ਅਤੇ ਸੁਵਿਧਾਜਨਕ ਮਾਹੌਲ ਬਣ ਸਕੇ। ਪਾਰਕਾਂ, ਖੇਡ ਮੈਦਾਨਾਂ, ਕਮਿਊਨਿਟੀ ਸੈਂਟਰਾਂ ਅਤੇ ਯੂਥ ਪ੍ਰੋਗਰਾਮਾਂ ਵਿੱਚ ਨਿਵੇਸ਼ ਕੀਤਾ ਜਾਵੇਗਾ। ਬੱਚਿਆਂ, ਨੌਜਵਾਨਾਂ ਅਤੇ ਸੀਨੀਅਰ ਨਾਗਰਿਕਾਂ ਲਈ ਸਿਹਤਮੰਦ ਅਤੇ ਸਕਾਰਾਤਮਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰ ਕੇ ਪਰਿਵਾਰਕ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਲਿਆਂਦਾ ਜਾਵੇਗਾ।

ਇਸ ਸਮਾਗਮ ਦੌਰਾਨ ਪਾਰਟੀ ਆਗੂ ਹੋਣਵੀਰ ਰੰਧਾਵਾ ਅਤੇ ਈਲੇਨ ਐਲਿਨ ਨੇ ਵੀ ਸੰਬੋਧਨ ਕਰਦਿਆਂ ਸਮਰਥਕਾਂ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਸਰੀ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਵਾਰ ਬਦਲਾਅ ਨੂੰ ਚੁਣਨ ਅਤੇ ਸ਼ਹਿਰ ਦੀ ਸੁਰੱਖਿਆ ਤੇ ਵਿਕਾਸ ਲਈ ਨਵੀਂ ਸੋਚ ਨੂੰ ਮੌਕਾ ਦੇਣ।

ਇਕੱਠ ਵਿੱਚ ਡਾ. ਜਤਿੰਦਰ ਸੋਢੀ, ਜਸਦੀਪ ਸਿੰਘ, ਡਾ. ਜਗਦੀਪ ਸੰਧੂ, ਅਵਤਾਰ ਸਹੋਤਾ, ਜਸਵਿੰਦਰ ਦੰਦੀਵਾਲ, ਰਣਬੀਰ ਕੌਰ, ਸ਼ਿੰਗਾਰ ਸਿੰਘ ਬਦੇਸ਼ਾ, ਰਾਜਦੀਪ ਸਿੰਘ ਰੰਧਾਵਾ, ਤੁਸ਼ੀਰ ਕਪਿਲਾ, ਵਿਨੇ ਸ਼ਰਮਾ, ਨਵਜੋਤ ਬਰਾੜ, ਅੰਮ੍ਰਿਤ ਢੋਟ, ਅਜਮੇਰ ਸਿੰਘ ਬਰਾੜ, ਕਰਨਵੀਰ ਪਾਲੀਆ, ਅਜੇਪਾਲ ਦੁੱਲਟ, ਗੌਰਵ ਸ਼ਰਮਾ, ਜੈ ਪਰਤਾਪ ਸੋਹਲ, ਜਤਿੰਦਰ ਸੰਧੂ, ਮੋਹਿਤ ਧੰਜੂ, ਜਗਸੀਰ ਸਿੰਘ, ਪ੍ਰੇਮ ਸਿੰਘ ਬਾਜਵਾ, ਹਰਦਮ ਸਿੰਘ ਮਾਨ, ਗੁਲਾਬ ਅਰੋੜਾ, ਅਵਤਾਰ ਸਿੰਘ ਰਾਏ ਸਮੇਤ ਹੋਰ ਬਹੁਤ ਸਾਰੇ ਸਮਾਜਿਕ ਅਤੇ ਰਾਜਨੀਤਕ ਪਤਵੰਤਿਆਂ ਨੇ ਸ਼ਿਰਕਤ ਕੀਤੀ।

## ਗਿਆਨੀ ਕਰਤਾਰ ਸਿੰਘ ਜੀ*

ਵਰਲਡ ਪੰਜਾਬੀ ਟਾਈਮਜ਼ ਸੁਰਜੀਤ ਸਾਰੰਗ

ਗਿਆਨੀ ਕਰਤਾਰ ਸਿੰਘ ਇਕ ਸਿੱਖ ਨੇਤਾ ਸਨ। ਜਿਨ੍ਹਾਂ ਨੇ ਵੀਹਵੀਂ ਸਦੀ ਦੇ ਮੱਧ ਦੌਰਾਨ ਸਿੱਖ ਸਿਆਸਤ ਤੇ ਛਾਇਆ ਰਿਹਾ। ਉਹਨਾਂ ਦਾ ਜਨਮ 12ਦਸਬੰਰ, 1902 ਨੂੰ ਜ਼ਿਲ੍ਹਾਂ ਲਾਇਲਪੁਰ ਪਾਕਿਸਤਾਨ ਦੇ ਚੱਕ ਨੰਬਰ 40ਝੰਗ ਬਰਾਂਚ ਵਿਖੇ ਮੇਜਰ ਸਿੰਘ ਤੇ ਮਾਤਾ ਜੀਵਨ ਕੌਰ ਦੇ ਗ੍ਰਹਿ ਵਿਖੇ ਹੋਇਆ। ਉਹਨਾਂ ਨੇ ਮੁਢਲੀ ਵਿੱਦਿਆ ਪਿੰਡ ਦੇ ਗੁਰਦੁਆਰੇ ਵਿਚੋਂ ਹਾਸਲ ਕੀਤੀ। ਬਾਅਦ ਵਿੱਚ ਖਾਲਸਾ ਹਾਈ ਸਕੂਲ ਚੱਕ ਨੰਬਰ 41ਤੋਂ 1921 ਵਿਚ ਦਸਵੀਂ ਦਾ ਇਮਤਿਹਾਨ ਪਾਸ ਕੀਤਾ। ਉਹਨਾਂ ਨੇ ਆਪਣੇ ਜੀਵਨ ਦੌਰਾਨ ਕਈ ਮਹੱਤਵਪੂਰਨ ਭੂਮਿਕਾਵਾਂ ਨਿਭਾਈਆਂ ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਮੈਂਬਰ, ਪੰਜਾਬ ਅਸੈਂਬਲੀ ਦੇ ਮੈਂਬਰ ਅਤੇ ਕਏ ਹੈ ਮਹਿਕਮਿਆਂ ਦੇ ਮੰਤਰੀ ਸ਼ਾਮਲ ਸਨ। ਉਹਨਾਂ ਦੀ ਮੌਤ 10 ਜੂਨ1974 ਨੂੰ ਹੋਈ।

ਗਿਆਨੀ ਕਰਤਾਰ ਸਿੰਘ ਦੇ ਰਾਜਨੀਤਿਕ ਜੀਵਨ ਬਾਰੇ, ਸਮਾਜਿਕ ਸੇਵਾਵਾਂ ਬਹੁਤ ਹਨ।
ਸਿੱਖ ਸਿੱਖਿਆ ਦਾ ਪ੍ਰਚਾਰ ਕਰਨਾ।
ਸਿੱਖ ਯੁਵਾਵਾਂ ਨੂੰ ਸਿਖਿਆ ਅਤੇ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ।
ਸਿੱਖ ਸੰਸਕ੍ਰਿਤੀ ਦਾ ਪ੍ਰਚਾਰ ਕ,ਨਾ।
ਸਿੱਖ ਭਾਈਚਾਰੇ ਦੀ ਸਮਾਜਿਕ ਅਤੇ ਧਾਰਮਿਕ, ਆਰਥਿਕ ਵਿਕਾਸ ਲਈ ਕੰਮ ਕਰਨਾ।
ਗਿਆਨੀ ਕਰਤਾਰ ਸਿੰਘ ਜੀ ਦੀ ਸਿੱਖ ਸਿਆਸਤ ਵਿੱਚ ਇਕ ਮਹੱਤਵਪੂਰਨ ਭੂਮਿਕਾ ਨਿਭਾਈ ਸੀ।

ਗਿਆਨੀ ਜੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵਜੋਂ ਕਏ,ਹੈ ਸਾਲ ਸੈਨਾ ਨਿਭਾਈ। ਉਹਨਾਂ ਨੇ ਸਿੱਖ ਸਿੱਖਿਆ ਦਾ ਪ੍ਰਚਾਰ ਕਰਨ। ਸਿੱਖ ਯੁਵਾਵਾਂ ਨੂੰ ਸਿਖਿਆ ਅਤੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ।
ਗਿਆਨੀ ਕਰਤਾਰ ਸਿੰਘ ਨੇ ਆਪਣੇ ਜੀਵਨ ਕਾਲ ਵਿੱਚ ਕਏ,ਹੈ ਵਾਰ ਜੇਲਾਂ ਦਾ ਸਾਹਮਣਾ ਕੀਤਾ। ਉਹਨਾਂ ਨੇ ਸਿੱਖ ਭਾਈਚਾਰੇ ਦੇ ਅਧਿਕਾਰਾਂ ਲਈ ਲੜਨ ਅਤੇ ਸਿੱਖ ਸਿਆਸਤ ਵਿੱਚ ਸਰਗਰਮ ਹੋਣ ਕਰਕੇ ਜੇਲ ਵਿਚ ਸਮਾਂ ਬਿਤਾਇਆ। ਜੇਲ ਵਿਚ ਉਹਨਾਂ ਨੇ ਸਿੱਖ ਕੈਦੀਆਂ ਦੀ ਸਹਾਇਤਾ ਕੀਤੀ ਉਹਨਾਂ ਨੇ ਸਿੱਖ ਸਿੱਖਿਆ ਅਤੇ ਸਿੱਖ ਸੰਸਕ੍ਰਿਤੀ ਬਾਰੇ ਜਾਣਕਾਰੀ ਦਿੱਤੀ।

ਗਿਆਨੀ ਕਰਤਾਰ ਸਿੰਘ ਜੀ ਨੇ ਜੇਲ ਵਿਚ ਕੀਤੇ ਕੰਮਾਂ ਵਿੱਚ ਸ਼ਾਮਲ ਹਨ।

ਸਿੱਖ ਕੈਦੀਆਂ ਦੀ ਸਹਾਇਤਾ ਕਰਨਾ।

ਸਿੱਖ ਸਿੱਖਿਆ ਅਤੇ ਸਿੱਖ ਸੰਸਕ੍ਰਿਤੀ ਬਾਰੇ ਜਾਣਕਾਰੀ ਦੇਣਾ। ਜੇਲ ਵਿਚ ਸਿੱਖ ਕੈਦੀਆਂ ਨੂੰ ਸਿੱਖ ਧਰਮ ਦੀ ਪਾਲਣਾ ਕਰਨ ਲਈ ਪ੍ਰੋਤਸਾਹਿਤ ਕਰਨਾ।
ਜੇਲ ਵਿਚ ਕੋਲੀਆਂ ਦੇ ਅਧਿਕਾਰਾਂ ਲਈ ਲੜਨਾ।

## ਡਾਕਟਰ/ ਕਾਵਿ ਵਿਅੰਗ

ਰੱਬਾ, ਕਿਸੇ ਨੂੰ ਵੱਸ ਨਾ ਪਾਈਂ ਡਾਕਟਰਾਂ ਦੇ,
ਇਹ ਛੋਟੀ ਮਰਜ਼ ਨੂੰ ਵੱਡੀ ਕਰਕੇ ਦੱਸਦੇ ਨੇ।

ਜਿੰਨਾ ਮਰਜ਼ੀ ਮਰੀਜ਼ ਭੱਜਣ ਦੀ ਕਰੇ ਕੋਸ਼ਿਸ਼,
ਇਹ ਗੱਲਾਂ ਮਿੱਠੀਆਂ ਕਰਕੇ ਸ਼ਿਕੰਜਾ ਕੱਸਦੇ ਨੇ।

ਕੀਤੀ ਹੁੰਦੀ ਹੈ ਪਹਿਲਾਂ ਹੀ ਗੱਲ ਉਨ੍ਹਾਂ ਨਾਲ,
ਜਿੱਥੋਂ ਇਹ ਟੈਸਟ ਕਰਵਾਉਣ ਨੂੰ ਦੱਸਦੇ ਨੇ।

ਨਿੰਬੂ ਵਾਂਗ ਨਚੋੜ ਕੇ ਮਰੀਜ਼ ਨੂੰ ਇਹ ਚੰਦਰੇ,
ਖੋਹ ਲੈਂਦੇ ਨੇ ਉਸ ਤੋਂ ਹਾਸੇ, ਆਪ ਹੱਸਦੇ ਨੇ।



ਵਰਲਡ ਪੰਜਾਬੀ ਟਾਈਮਜ਼ ਮਹਿੰਦਰ ਸਿੰਘ ਮਾਨ

## ਪੰਜਾਬੀ ਲਿਖਾਰੀ ਸਭਾ ਸਿਆਟਲ ਦੀ ਵਾਗਡੋਰ ਸਾਹਿਤਕਾਰਾਂ ਦੇ ਹੱਥ: ਕਰਨੈਲ ਸਿੰਘ ਕੈਲ ਬਣੇ ਪ੍ਰਧਾਨ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਿਆਟਲ, 8 ਫਰਵਰੀ : ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨੂੰ ਸਮਰਪਿਤ ਮਾਣਮੱਤੀ ਸੰਸਥਾ ‘ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.)’ ਦੀ ਨਵੀਂ ਪ੍ਰਬੰਧਕੀ ਕਮੇਟੀ ਦਾ ਗਠਨ ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਹੋਈ ਇੱਕ ਵਿਸ਼ਾਲ ਇਕੱਤਰਤਾ ਦੌਰਾਨ ਕੀਤਾ ਗਿਆ। ਸਭਾ ਦੇ ਮੋਢੀ ਮੈਂਬਰਾਂ ਅਤੇ ਸਰਪ੍ਰਸਤਾਂ ਦੀ ਅਗਵਾਈ ਹੇਠ ਲਏ ਗਏ ਫ਼ੈਸਲੇ ਅਨੁਸਾਰ, ਸਭਾ ਦੀ ਕਮਾਂਡ ਪੂਰੀ ਤਰ੍ਹਾਂ ਸਰਗਰਮ ਸਾਹਿਤਕਾਰਾਂ ਨੂੰ ਸੌਂਪ ਦਿੱਤੀ ਗਈ ਹੈ।

ਸਰਬਸੰਮਤੀ ਨਾਲ ਚੁਣੀ ਗਈ ਨਵੀਂ ਪ੍ਰਬੰਧਕੀ ਟੀਮ ਵਿੱਚ ਨਵੀਂ ਬਣੀ ਕਮੇਟੀ ਵਿੱਚ ਕਰਨੈਲ ਸਿੰਘ ਕੈਲ ਨੂੰ ਪ੍ਰਧਾਨ, ਬਲਵੀਰ ਸਿੰਘ ਲਹਿਰਾ ਨੂੰ ਮੀਤ ਪ੍ਰਧਾਨ, ਅਮਰਜੀਤ ਸਿੰਘ ਤਰਸਿੱਕਾ ਨੂੰ ਸਹਾਇਕ ਮੀਤ ਪ੍ਰਧਾਨ, ਗੁਰਪ੍ਰੀਤ ਸੋਹਲ ਨੂੰ ਜਨਰਲ ਸਕੱਤਰ, ਸਾਧੂ ਸਿੰਘ ਝੱਜ ਨੂੰ ਸਹਾਇਕ ਸਕੱਤਰ, ਸੁਖਦੀਪ ਸਿੰਘ ਔਲਖ ਨੂੰ ਰਿਕਾਰਡਿੰਗ ਸਕੱਤਰ, ਮੰਗਤ ਰਾਏ ਕੁਲਜਿੰਦ ਨੂੰ ਪ੍ਰੈੱਸ ਸਕੱਤਰ ਅਤੇ ਡਾ. ਸੁਖਵੀਰ ਸਿੰਘ ਬੀਹਲਾ ਨੂੰ ਮੀਡੀਆ ਜ਼ਿੰਮੇਵਾਰੀ ਸੌਂਪੀ ਗਈ। ਅਵਤਾਰ ਸਿੰਘ ਆਦਮਪੁਰੀ ਨੂੰ ਖ਼ਜ਼ਾਨਚੀ ਅਤੇ ਜੀਤਾ ਉੱਪਲ ਨੂੰ ਸਹਾਇਕ ਖ਼ਜ਼ਾਨਚੀ ਨਿਯੁਕਤ ਕੀਤਾ ਗਿਆ। ਲੋਕ ਸੰਪਰਕ ਵਿਭਾਗ ਦੀ ਜ਼ਿੰਮੇਵਾਰੀ ਹਰਿੰਦਰਪਾਲ ਸਿੰਘ ਬੈਂਸ, ਜੈਸੀ ਰਿਆਤ ਅਤੇ ਸਤਿੰਦਰ ਕੌਰ ਜੱਗੀ ਨੂੰ ਦਿੱਤੀ ਗਈ।

ਸਭਾ ਦੇ ਸਾਹਿਤਕ ਕੱਦ ਨੂੰ ਉੱਚਾ ਚੁੱਕਣ ਅਤੇ ਪਾਰਦਰਸ਼ਤਾ ਬਣਾਈ ਰੱਖਣ ਲਈ ਇੱਕ ਸ਼ਕਤੀਸ਼ਾਲੀ ਮੁੱਖ ਦਿਸ਼ਾ-ਨਿਰਦੇਸ਼ਕ ਕਮਾਂਡ ਬਣਾਈ ਗਈ ਹੈ। ਇਸ ਵਿੱਚ ਹਰਦਿਆਲ ਸਿੰਘ ਚੀਮਾ ਵਹਿਣੀਵਾਲ, ਸ਼ਿੰਗਾਰ ਸਿੰਘ ਸਿੱਧੂ, ਵਾਸਦੇਵ ਸਿੰਘ ਪਰਹਾਰ, ਹਰਸ਼ਿੰਦਰ ਸਿੰਘ ਸੰਧੂ, ਡਾ. ਪ੍ਰੇਮ ਕੁਮਾਰ, ਹਰਜਿੰਦਰ ਸਿੰਘ ਨਾਗੋਕੇ, ਰਘਬੀਰ ਸਿੰਘ ਜ਼ਖ਼ਮੀ, ਅਮਰੀਕ ਸਿੰਘ ਰੰਧਾਵਾ ਅਤੇ ਸ਼ਿੰਦਰਪਾਲ ਔਜਲਾ ਸ਼ਾਮਲ ਹਨ। ਮੁੱਖ ਸਲਾਹਕਾਰਾਂ ਵਜੋਂ ਅਵਤਾਰ ਸਿੰਘ ਬਿਲਿੰਗ, ਮਨਜੀਤ ਕੌਰ ਗਿੱਲ, ਹਰਪਾਲ ਸਿੰਘ ਸਿੱਧੂ, ਡਾ. ਜਸਬੀਰ ਕੌਰ, ਮਨਜੀਤ ਸਿੰਘ ਚਾਹਲ, ਯਸ਼ ਸਾਥੀ ਲੁਧਿਆਣਵੀ ਅਤੇ ਈਸ਼ਰ ਸਿੰਘ ਗਰਚਾ ਆਪਣੀਆਂ ਸੇਵਾਵਾਂ ਦੇਣਗੇ।

ਨਵੀਂ ਕਮੇਟੀ ਨੇ ਅਗਲੇ ਦੋ ਸਾਲਾਂ ਲਈ ਸਭਾ ਦੀਆਂ ਗਤੀਵਿਧੀਆਂ ਨੂੰ ਰਚਨਾਤਮਕ ਦਿਸ਼ਾ ਦੇਣ ਦਾ ਪ੍ਰਣ ਲਿਆ। ਇਸ ਮੌਕੇ ਸਭ ਤੋਂ ਅਹਿਮ ਨੁਕਤਾ ‘ਆਪਣਾ ਘਰ’ (ਪੰਜਾਬੀ ਜਾਂ ਪੰਜਾਬ ਭਵਨ) ਬਣਾਉਣ ਦਾ ਉੱਭਰਿਆ, ਜਿਸ ਦੀ ਤਾਕੀਦ ਹਰਦਿਆਲ ਸਿੰਘ ਚੀਮਾ ਅਤੇ ਸਾਥੀਆਂ ਵੱਲੋਂ ਕੀਤੀ ਗਈ। ਸਭਾ ਨੇ ਸਿਆਟਲ ਖੇਤਰ ਨੂੰ ਆਪਣੀ ਮੁੱਖ ਕਰਮ-ਭੂਮੀ ਰੱਖਦੇ ਹੋਏ ਦੇਸ਼-ਵਿਦੇਸ਼ ਦੇ ਸਾਹਿਤਕਾਰਾਂ ਤੇ ਕਲਾਕਾਰਾਂ ਨਾਲ ਰਾਬਤਾ ਵਧਾਉਣ ਦਾ ਅਹਿਦ ਲਿਆ। ਪਿਛਲੇ ਸੱਤ ਮਹੀਨਿਆਂ ਤੋਂ ਛੇ ਮੈਂਬਰੀ ਬੋਰਡ ਦੀ ਦੇਖ-ਰੇਖ ਹੇਠ ਸਭਾ ਨੇ ਜੋ ਸਥਿਰਤਾ ਹਾਸਲ ਕੀਤੀ ਹੈ, ਹੁਣ ਨਵੀਂ ਕਮੇਟੀ ਉਸ ਨੂੰ ਨਵੀਆਂ ਉਚਾਈਆਂ ‘ਤੇ ਲੈ ਕੇ ਜਾਵੇਗੀ। ਇਸ ਮੌਕੇ ਇਲਾਕੇ ਦੇ ਦਰਜਨਾਂ ਪਤਵੰਤੇ ਸੱਜਣਾਂ ਅਤੇ ਸਾਹਿਤ ਪ੍ਰੇਮੀਆਂ ਨੇ ਸ਼ਮੂਲੀਅਤ ਕਰਕੇ ਨਵੀਂ ਟੀਮ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ।

## ਫ਼ਿਰਕੂ ਫਾਸ਼ੀਵਾਦ ਨੂੰ ਮਾਤ ਦੇਣ ਲਈ ਲੋਕ ਪੱਖੀ ਧਿਰਾਂ ਦੇ ਸਾਥ ਦੀ ਅਹਿਮ ਭੂਮਿਕਾ : ਆਰਿਫਾ ਖਾਨੁਮ ਸ਼ੇਰਵਾਨੀ

### ਮਨੁੱਖੀ ਹੱਕਾਂ ਦੀ ਨਾਮਵਰ ਕਾਰਕੁੰਨ ਡਾ. ਨਵਸ਼ਰਨ ਦਾ ਕ੍ਰਿਸ਼ਨ ਬਰਗਾੜੀ ਯਾਦਗਾਰੀ ਪੁਰਸਕਾਰ ਨਾਲ ਸਨਮਾਨ

ਵਰਲਡ ਪੰਜਾਬੀ ਟਾਈਮਜ਼ ਸੁਮੀਤ ਅੰਮ੍ਰਿਤਸਰ



ਬਰਨਾਲਾ 8 ਫਰਵਰੀ : ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਤਰਕਸ਼ੀਲ ਲਹਿਰ ਦੇ ਮਰਹੂਮ ਨਾਇਕ ਕ੍ਰਿਸ਼ਨ ਬਰਗਾੜੀ ਦੀ 24ਵੀਂ ਬਰਸੀ ਦੇ ਸਬੰਧ ਵਿੱਚ ਤਰਕਸ਼ੀਲ ਭਵਨ ਬਰਨਾਲਾ ਵਿਖੇ ‘ ਅਜੋਕਾ ਮੀਡੀਆ ਅਤੇ ਸਾਡੇ ਕਾਰਜ’ ਵਿਸ਼ੇ ਸਬੰਧੀ ਇਕ ਸੈਮੀਨਾਰ ਅਤੇ ਸਨਮਾਨ ਸਮਾਗਮ ਆਯੋਜਿਤ ਕੀਤਾ ਗਿਆ ਜਿਸਦੀ ਪ੍ਰਧਾਨਗੀ ਡਾ.ਨਵਸ਼ਰਨ, ਆਰਿਫਾ ਖ਼ਾਨੁਮ ਸ਼ੇਰਵਾਨੀ, ਤਰਕਸ਼ੀਲ ਸੁਸਾਇਟੀ ਕੇਨੈਡਾ ਦੇ ਪ੍ਰਧਾਨ ਬਲਦੇਵ ਰਹਿਪਾ,ਸੂਬਾਈ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋਂ, ਰਾਜਪਾਲ ਸਿੰਘ ਅਤੇ ਕ੍ਰਿਸ਼ਨ ਬਰਗਾੜੀ ਦੀ ਜੀਵਨ ਸਾਥਣ ਮੈਡਮ ਰਾਜਿੰਦਰ ਕੌਰ ਬਰਗਾੜੀ ਨੇ ਕੀਤੀ।ਇਸ ਮੌਕੇ ਸਮਾਗਮ ਦੇ ਮੁੱਖ ਬੁਲਾਰੇ ਅਤੇ ਮੀਡੀਆ ਅਦਾਰੇ ‘ਦ ਵਾਇਰ’ ਦੀ ਸੀਨੀਅਰ ਸੰਪਾਦਕ ਆਰਿਫਾ ਖਾਨੁਮ ਸ਼ੇਰਵਾਨੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਹੱਕ, ਸੱਚ ਅਤੇ ਇਨਸਾਫ਼ ਲਈ ਆਸ ਅਤੇ ਉਮੀਦ ਦੀ ਕਿਰਨ ਹੈ ਜਿਹੜਾ ਆਜ਼ਾਦੀ ਤੋਂ ਲੋਕ ਸੰਘਰਸ਼ਾਂ ਦੀ ਅਗਵਾਈ ਕਰਦਾ ਰਿਹਾ ਹੈ।ਦੇਸ਼ ਵਿੱਚ ਹਕੂਮਤੀ ਸਰਪ੍ਰਸਤੀ ਹੇਠ ਫ਼ਿਰਕੂ ਫਾਸ਼ੀਵਾਦ ਬੜੀ ਤੇਜ਼ੀ ਨਾਲ ਵਧ ਰਿਹਾ ਹੈ ਪਰ ਮੀਡੀਏ ਦਾ ਵੱਡਾ ਹਿੱਸਾ ਲੋਕ ਪੱਖੀ ਪੱਤਰਕਾਰੀ ਕਰਨ ਦੀ ਥਾਂ ਹੁਣ ਸਾਮਰਾਜੀ ਹਕੂਮਤਾਂ ਅਤੇ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਮੂਕ ਦਰਸ਼ਕ ਬਣ ਕੇ ਸੱਤਾਧਾਰੀ ਜਮਾਤਾਂ ਦੀ ਬੋਲੀ ਬੋਲ ਰਿਹਾ ਹੈ। ਉਨ੍ਹਾਂ ਨੇ ਪੰਜਾਬ ਅੰਦਰ ਵਿਗਿਆਨਕ ਚੇਤਨਾ ਦੀ ਲਹਿਰ ਵਿਕਸਤ ਕਰਨ ਲਈ ਤਰਕਸ਼ੀਲ ਸੁਸਾਇਟੀ ਦੀ ਭੂਮਿਕਾ ਨੂੰ ਸਲਾਮ ਕੀਤਾ।ਇਸ



ਮੌਕੇ ਮਨੁੱਖੀ ਹੱਕਾਂ ਦੀ ਨਾਮਵਰ ਕਾਰਕੁੰਨ ਅਤੇ ਜਮਹੂਰੀ ਚਿੰਤਕ ਡਾ.ਨਵਸ਼ਰਨ ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਦੇ ਖੇਤਰ ਵਿੱਚ ਪਾਏ ਅਮੁੱਲੇ ਯੋਗਦਾਨ ਲਈ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ।ਆਪਣੇ ਸੰਬੋਧਨ ਵਿੱਚ ਡਾ.ਨਵਸ਼ਰਨ ਨੇ ਕਿਹਾ ਕਿ ਮੌਜੂਦਾ ਹਕੂਮਤਾਂ ਵੱਲੋਂ ਸਿੱਖਿਆ ਅਤੇ ਵਿੱਦਿਅਕ ਸੰਸਥਾਵਾਂ ਦਾ ਭਗਵਾਂਕਰਨ ਕਰਕੇ ਵਿਗਿਆਨਕ ਵਿਚਾਰਧਾਰਾ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉਤੇ ਵੱਡੇ ਹਮਲੇ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਫ਼ਿਰਕੂ ਸੰਗਠਨਾਂ ਵੱਲੋਂ ਤਰਕਸ਼ੀਲ ਵਿਦਵਾਨਾਂ ਨਰਿੰਦਰ ਦਾਭੋਲਕਰ, ਐੱਮ ਐੱਮ ਕਲਬੁਰਗੀ,ਗੋਵਿੰਦ ਪੰਸਰੇ,ਅਤੇ ਗੌਰੀ ਲੰਕੇਸ਼ ਦੇ ਕਤਲਾਂ ਦੀ ਸਖ਼ਤ ਨਿਖੇਧੀ ਕੀਤੀ।ਉਨ੍ਹਾਂ ਨੇ ਕਿਹਾ ਕਿ ਮੌਜੂਦਾ ਹਕੂਮਤਾਂ ਵੱਲੋਂ ਆਮ ਲੋਕਾਂ ਦੇ ਬੁਨਿਆਦੀ ਮਸਲਿਆਂ ਤੋਂ ਲੋਕਾਂ ਦਾ ਧਿਆਨ ਪਾਸੇ ਕਰਨ ਲਈ ਧਰਮਾਂ, ਜਾਤਾਂ ਅਤੇ ਡੇਰਿਆਂ ਅਤੇ ਬਾਬਿਆਂ ਦੀ ਫ਼ਿਰਕੂ ਰਾਜਨੀਤੀ ਕੀਤੀ ਜਾ ਰਹੀ ਹੈ ਜਿਸਨੂੰ ਲੋਕ ਕਦੇ ਸਫਲ ਨਹੀਂ ਹੋਣ ਦੇਣਗੇ।ਇਸ ਤੋਂ ਪਹਿਲਾਂ ਪਲਸ ਮੰਚ ਦੇ ਆਗੂ ਰਾਮ ਕੁਮਾਰ ਭਦੌੜ ਨੇ ਉਤਰੀ ਭਾਰਤ ਦੇ ਪਹਿਲੇ ਸਰੀਰਦਾਨੀ ਮਰਹੂਮ ਆਗੂ ਕ੍ਰਿਸ਼ਨ ਬਰਗਾੜੀ ਦੀ ਤਰਕਸ਼ੀਲ ਲਹਿਰ ਸਮੇਤ ਵੱਖ ਵੱਖ ਸਮਾਜਿਕ ਖੇਤਰਾਂ ਵਿੱਚ ਨਿਭਾਈ ਗਈ ਅਹਿਮ ਭੂਮਿਕਾ ਅਤੇ ਜੀਵਨ ਬਾਰੇ ਚਾਨਣ ਪਾਇਆ। ਮਾਸਟਰ ਰਾਜਿੰਦਰ ਭਦੌੜ ਨੇ ਤਰਕਸ਼ੀਲ ਕਾਫਲੇ ‘ਚੋਂ ਵਿਛੜ ਚੁੱਕੇ ਬਾਕੀ ਸਾਥੀਆਂ ਦੇ ਯੋਗਦਾਨ ਨੂੰ ਯਾਦ ਕਰਦਿਆਂ ਸਮਾਗਮ ਵਿੱਚ ਸ਼ਾਮਿਲ ਸਾਰਿਆਂ ਮਹਿਮਾਨਾਂ ਦਾ ਧੰਨਵਾਦ ਕੀਤਾ ਜਦਕਿ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਸੂਬਾਈ ਆਗੂ ਰਾਮ ਸਵਰਨ ਲੱਖੇਵਾਲੀ ਵੱਲੋਂ ਬਾਖੂਬੀ ਨਿਭਾਈ ਗਈ।ਇਸ ਮੌਕੇ ਸਰਬਸੰਮਤੀ ਨਾਲ ਪਾਸ ਕੀਤੇ ਮਤਿਆਂ ਵਿੱਚ ਪੱਤਰਕਾਰਾਂ ਅਤੇ ਆਰਟੀਆਈ ਕਾਰਕੁਨਾਂ ਉਤੇ ਦਰਜ ਨਜਾਇਜ਼ ਕੇਸ ਰੱਦ ਕਰਨ, ਬਿਜਲੀ ਸੋਧ ਬਿੱਲ,ਬੀਜ ਬਿੱਲ ਅਤੇ ਚਾਰ ਕਿਰਤ ਕੋਡ ਰੱਦ ਕਰਨ, ਬੀ ਕੇ ਯੂ (ਏਕਤਾ ਉਗਰਾਹਾਂ) ਦੇ ਗ੍ਰਿਫ਼ਤਾਰ ਆਗੂਆਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ , ਭਾਰਤ - ਅਮਰੀਕਾ ਮੁਕਤ ਵਪਾਰ ਸਮਝੌਤਾ ਰੱਦ ਕਰਨ, ਆਦਿਵਾਸੀਆਂ ਅਤੇ ਇਨਕਲਾਬੀ ਕਾਰਕੁਨਾਂ ਨੂੰ ਪੁਲੀਸ ਮੁਕਾਬਲਿਆਂ ਚ ਮਾਰਨਾ ਬੰਦ ਕਰਨ,ਛੇ ਸਾਲਾਂ ਤੋਂ ਜੇਲ੍ਹਾਂ ਵਿੱਚ ਡੱਕੇ ਉਮਰ ਖ਼ਾਲਿਦ, ਸ਼ਰਜੀਲ ਇਮਾਮ ਸਮੇਤ ਬੁੱਧੀਜੀਵੀਆਂ, ਲੇਖਕਾਂ,ਪੱਤਰਕਾਰਾਂ,ਸਮਾਜਿਕ ਕਾਰਕੁਨਾਂ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਤਮਾਮ ਕੈਦੀਆਂ ਨੂੰ ਰਿਹਾਅ ਕਰਨ, ਬਾਬਾ ਬੁੱਲੇ ਸ਼ਾਹ ਦੀ ਮਜ਼ਾਰ ਤੋੜਨ ਵਾਲੇ ਫ਼ਿਰਕੂ ਅਨਸਰਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਯੂਏਪੀਏ, ਐਨਐਸਏ ਅਤੇ ਐਫਸਪਾ ਅਤੇ ਐਨਆਈਏ ਦੇ ਕਾਲੇ ਕਾਨੂੰਨ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾਈ ਤਰਕਸ਼ੀਲ ਆਗੂ ਰਾਜੇਸ਼ ਅਕਲੀਆ,ਸੁਮੀਤ ਅੰਮ੍ਰਿਤਸਰ, ਸੁਰਜੀਤ ਟਿੱਬਾ,ਜਸਵੰਤ ਮੋਹਾਲੀ,ਗੁਰਪ੍ਰੀਤ ਸ਼ਹਿਣਾ, ਜੁਝਾਰ ਲੌਂਗੋਵਾਲ,ਕੁਲਜੀਤ ਡੰਗਰਖੇੜਾ ਜੋਨ ਆਗੂ ਸੁਖਦੇਵ ਫਗਵਾੜਾ,ਅਜੀਤ ਪ੍ਰਦੇਸੀ, ਸੰਦੀਪ ਧਾਰੀਵਾਲ ਭੋਜਾ, ਬਲਰਾਜ ਮੌੜ, ਸਤਪਾਲ ਸਲੋਹ ਨਵਾਂ ਸ਼ਹਿਰ, ਕੁਲਵੰਤ ਕੌਰ ਪਟਿਆਲਾ, ਪ੍ਰਵੀਨ ਜੰਡਵਾਲਾ, ਬੀਰਬਲ ਭਦੌੜ,ਸੰਪਾਦਕ ਸੁਰਖ ਲੀਹ ਪਾਵੇਲ ਕੁੱਸਾ,ਪ੍ਰੋ.ਏ. ਕੇ. ਮਲੇਰੀ ਅਤੇ ਵੱਖ ਵੱਖ ਜੋਨਾਂ ਅਤੇ ਇਕਾਈਆਂ ਦੇ ਸੈਂਕੜੇ ਕਾਰਕੁੰਨ ਸ਼ਾਮਿਲ ਹੋਏ।